## ਕੀ ਤੁਹਾਡਾ ਪੈਸਟੀਸਾਈਡ ਐਪਲੀਕੇਟਰ  ਸਰਟੀਫੀਕੇਟ  ਨਵਾਂ ਹੈ ਜਾਂ ਇਸ ਸਮੇਂ ਦਾ ਹੈ?

ਫੂਡ ਸੇਫਟੀ ਦਾ ਮਿਆਰ ਪੱਧਰ ਦਿਨ ਬਦਿਨ ਬਹੁਤ ਸਖਤ ਹੁੰਦਾ ਜਾ ਰਿਹਾ ਹੈ। ਇਸ ਮਿਆਰ ਪੱਧਰ ਤੇ ਪਹੁੰਚਣ ਲਈ ਅਤੇ ਹਾਦਸਾ ਗ੍ਰਸਤ ਗੰਦਗੀ ਤੋਂ ਬਚਾਅ ਰੱਖਣ ਲਈ ਇਹ ਬਹੁਤ ਜਰੂਰੀ ਹੈ ਕਿ ਤੁਹਾਡੇ ਫਾਰਮ ਤੇ ਘੱਟੋ ਘੱਟ ਇਕ ਵਿਅਕਤੀ ਨੇ ਪੂਰੀ ਤਰ੍ਹਾਂ ਟਰੇਨਿੰਗ ਕੀਤੀ ਹੋਵੇ ਅੱਤੇ ਸੁਰਖਿਅੱਕ ਤੌਰ ਤੇ ਪੈਸਟੀਸਾਈਡ ਵਰਤਨ ਦਾ ਮਾਹਿਰ ਹੋਵੇ। ਓਹਨਾਂ ਸਾਰੇ ਵਿਅਕਤੀਆਂ ਕੋਲ ਬੀਸੀ ਵਾਤਾਵਰਨ ਮਨਿਸਟਰੀ ਦਾ  ਪੈਸਟੀਸਾਈਡ ਐਪਲੀਕੇਟਰ ਦਾ ਪੱਕਾ ਸਰਟੀਫੀਕੇਟ ਹੋਣਾ ਬਹੁਤ ਜਰੂਰੀ ਹੈ ਜੋ ਬਲਿਊਬੈਰੀ ਦੀ ਫਸਲ ਤੇ ਪੈਸਟੀਸਾਈਡ ਛਿੜਕਦੇ ਹਨ ਜਾਂ ਪੈਸਟੀਸਾਈਡ ਛਿੜਕਣ ਵਾਲਿਆਂ  ਕਾਮਿਆਂ ਤੇ ਸੁਪਰਵਿਜ਼ਿਨ ਕਰਦੇ ਹਨ।

ਪੈਸਟੀਸਾਈਡ ਐਪਲੀਕੇਟਰ  ਸਰਟੀਫੀਕੇਟ ਹਾਸਲ ਕਰਨ ਲਈ ਤੁਹਾਨੂੰ ਲੋੜ ਹੈ 1) ਪੜ੍ਹਨ ਲਈ ਕਿਤਾਬਾਂ ਲੈਣ ਦੀ ਅਤੇ 2) ਲਿਖਤੀ ਇਮਤਿਹਾਨ ਪਾਸ ਕਰਨ ਦੀ। ਕੋਰਸ ਲੈ ਕੇ ਪੜਨ ਨਾਲ ਮਦਦ ਮਿਲਦੀ ਹੈ ਪਰ ਤੁਹਾਡੀ ਮਰਜ਼ੀ ਹੈ।  ਕੋਰਸ ਤੇ ਇਮਤਿਹਾਨ ਤੁਸੀਂ ਪੰਜਾਬੀ ਜਾਂ ਅੰਗਰੇਜ਼ੀ ਵਿੱਚ ਕਰ ਸਕਦੇ ਹੋ। ਪਰ ਤੁਹਾਨੂੰ ਪੈਸਟੀਸਾਈਡ ਲੇਬਲ ਅੰਗਰੇਜ਼ੀ ਵਿੱਚ ਪੜਨੇ ਆਉਣੇ ਚਾਹੀਦੇ ਹਨ।

**ਪੜ੍ਹਨ ਵਾਸਤੇ ਕਿਤਾਬਾਂ** (ਅੰਗਰੇਜ਼ੀ ਵਿੱਚ) 90 ਡਾਲਰ ਤੋਂ 110 ਡਾਲਰ ਤਕ ਫਾਰਸ਼ਾ ਕੋਲ ਉਪਲੱਬਧ ਹਨ।
ਫੋਨ ਨੰ: 604-881-6078 ਜਾਂ
ਮਨਿਸਟਰੀ ਆਫ ਇਨਵਾਇਰਨਮੈਂਟ: 1-800-282-7955
http://www.env.gov.bc.ca/epd/ipmp/pest-certification/study-material.htm

**ਕੋਰਸ** ਅੰਗਰੇਜ਼ੀ ਤੇ ਪੰਜਾਬੀ ਵਿੱਚ  ਫਾਰਸ਼ਾ ਵਿੱਖੇ ਉਪਲੱਬਧ ਹਨ :
ਡੇਵਿਡ ਨਿਯੁਗਨ 604-996-0927 ਜਾਂ ਜਸਬੀਰ ਮਾਨ 604-996-7893
ਕੋਰਸ ਦੀ ਫੀਸ 325 - 350 ਡਾਲਰ ਹੈ ਜਿਸ ਵਿੱਚ ਕਿਤਾਬਾਂ ਤੇ ਇਮਤਿਹਾਨ ਦੀ ਫੀਸ ਸ਼ਾਮਲ ਹੈ।
ਕਵਾਂਟਲਿਨ ਪੋਲੀਟੈਕਨਿਕ ਯੁਨੀਵਰਸਟੀ, ਲੈਂਗਲੀ ਬੀਸੀ (ਸਿਰਫ ਅੰਗਰੇਜ਼ੀ ਵਿੱਚ):604-599-3254
ਯੁਨੀਵਰਸਟੀ ਆਫ ਫਰੈਜ਼ਰ ਵੈਲੀ(ਯੂ ਐਫ ਵੀ)ਐਬਸਟਫੋਰਡ ਬੀਸੀ ( ਸਿਰਫ ਅੰਗਰੇਜ਼ੀ ਵਿੱਚ):1-888-504-7441
ਵੇਖੋ : http://www.env.gov.bc.ca/epd/ipmp/trainers/pest-triners.htm
ਪੰਜਾਬੀ ਬੋਲਣ ਵਾਲੇ ਇਨਸਟੱਕਟਰਾਂ ਸਮੇਤ ਪੂਰੀ ਲਿਸਟ ਲਈ ।

**ਇਮਤਿਹਾਨ** ਲਿਖਣ ਦੀ ਕੀਮਤ 90 ਡਾਲਰ ਹੈ(ਅੰਗਰੇਜ਼ੀ ਜਾਂ ਪੰਜਾਬੀ ਵਿੱਚ)
ਇਮਤਿਹਾਨ ਲਿਖਣ ਲਈ ਫਾਰਸ਼ਾਂ ਨਾਲ ਸੰਪਰਕ ਕਰੋ: 604-881-6078 ਜਾਂ
ਸਰਕਾਰੀ ਏਜੰਟ ਆਫਿਸ 1-866-205-2102

ਹਰ 5 ਸਾਲ ਬਾਅਦ  ਇਮਤਿਹਾਨ ਲਿਖ ਕੇ ਆਪਣਾ ਸਰਟੀਫੀਕੇਟ ਦੁਬਾਰਾ ਨਵਾਂ ਕਰਵਾਓ ਜਾਂ ਸਬੰਧਤ ਕੋਰਸ ਜਾਂ ਸੈਮੀਨਾਰ ਲਗਾਕੇ ਨਵਾਂ ਸਰਟੀਫੀਕੇਟ ਲਵੋ।